# ਖੇਤੀ ਮਸ਼ੀਨਰੀ ਕਸਟਮ ਹਾਇਰਿੰਗ ਸੈਂਟਰਾਂ ਦੀ ਸਥਾਪਨਾ ਲਈ 40% ਤੱਕ ਵਿੱਤੀ ਸਹਾਇਤਾ ਸੁਲੱਭ

ਖੇਤੀਬਾੜੀ ਮਸ਼ੀਨਰੀ ਵਾਸਤੇ ਕਸਟਮ ਹਾਇਰਿੰਗ ਸੈਂਟਰ (ਸੀ ਐਚ ਸੀ) ਸਥਾਪਿਤ ਕਰਨ ਲਈ, ਆਪਣੀ ਖੇਤੀਬਾੜੀ ਮਸ਼ੀਨੀਕਰਨ ਸਬ ਮਿਸ਼ਨ (ਐਸ ਐਮ ਏ ਐਮ) ਯੋਜਨਾ ਦੇ ਤਹਿਤ, ਭਾਰਤ ਸਰਕਾਰ ਪੇਂਡੂ ਉੱਦਮੀਆਂ (ਪੇਂਡੂ ਨੌਜਵਾਨ ਅਤੇ ਕਿਸਾਨ ਉੱਦਮੀ ਵਜੋਂ), ਕਿਸਾਨਾਂ ਦੀਆਂ ਸਹਿਕਾਰੀ ਸਭਾਵਾਂ, ਰਜਿਸਟਰਡ ਕਿਸਾਨ ਸਭਾਵਾਂ, ਕਿਸਾਨ ਉਤਪਾਦਕ ਸੰਸਥਾਵਾਂ (ਐਫ਼ ਪੀ ਓ) ਅਤੇ ਪੰਚਾਇਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਸ ਸਕੀਮ ਦਾ ਮੰਤਵ ਸੀ ਐਚ ਸੀ ਦੀ ਸਥਾਪਨਾ ਰਾਹੀਂ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਕਿਰਾਏ 'ਤੇ ਖੇਤੀ ਮਸ਼ੀਨਾਂ ਉਪਲਬਧ ਕਰਵਾਉਣਾ ਅਤੇ ਪਿੰਡ ਪੱਧਰ 'ਤੇ ਆਮਦਨੀ ਪੈਦਾ ਕਰਨ ਦਾ ਇੱਕ ਸਾਧਨ ਵੀ ਪ੍ਰਦਾਨ ਕਰਨਾ ਹੈ।

ਪ੍ਰੋਜੈਕਟ ਦੇ ਤਹਿਤ ਪ੍ਰਤੀ ਮਸ਼ੀਨ ਵੱਧ ਤੋਂ ਵੱਧ ਮਨਜ਼ੂਰ ਵਿੱਤੀ ਸਹਾਇਤਾ ਮਸ਼ੀਨ ਦੀ ਲਾਗਤ ਦਾ 40% ਹੈ। 25 ਲੱਖ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਸੀ ਐਚ ਸੀ ਕ੍ਰੈਡਿਟ-ਲਿੰਕਡ ਬੈਕ-ਐਂਡਿਡ ਵਿੱਤੀ ਸਹਾਇਤਾ ਦੇ ਮਾਡਲ ਦੇ ਤਹਿਤ ਸਥਾਪਿਤ ਕੀਤੇ ਜਾਣਗੇ, ਜਿਸਦਾ ਮਤਲਬ ਹੈ ਕਿ ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਸਬਸਿਡੀ ਪ੍ਰਦਾਨ ਕੀਤੀ ਜਾਵੇਗੀ।

ਬੈਂਕ ਵੱਲੋਂ ਲਾਭਪਾਤਰੀਆਂ ਨੂੰ ਜਾਰੀ ਕੀਤੀ ਵਿੱਤੀ ਸਹਾਇਤਾ ਦੀ ਮਿਆਦ ਚਾਰ ਸਾਲ ਤੈਅ ਕੀਤੀ ਜਾਏਗੀ। ਲਾਭਪਾਤਰੀ ਘੱਟ ਤੋਂ ਘੱਟ ਚਾਰ ਸਾਲਾਂ ਦੀ ਮਿਆਦ ਦੇ ਅੰਦਰ ਪੂਰੇ ਬੈਂਕ

ਕਰਜ਼ੇ ਦੀ ਅਦਾਇਗੀ ਕਰੇਗਾ। ਲਾਭਪਾਤਰੀ ਨੂੰ ਛੇ ਸਾਲ ਪੂਰੇ ਹੋਣ ਤੋਂ ਪਹਿਲਾਂ ਕਿਸੇ ਨੂੰ ਵੀ ਸੀ ਐਚ ਸੀ ਤਬਾਦਲਾ ਕਰਨ/ਵੇਚਣ/ਗਹਿਣੇ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸੀ ਐਚ ਸੀ ਸਥਾਪਤ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਮਾਰਗ ਦਰਸ਼ਨ ਲਈ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਖੇਤੀਬਾੜੀ/ਬਾਗਬਾਨੀ ਦਫ਼ਤਰਾਂ ਵਿੱਚ ਜਾ ਸਕਦੇ ਹਨ। ਪੂਰੀ ਜਾਣਕਾਰੀ ਲਈ, ਉਹ ਵੈੱਬਸਾਈਟ https://agrimachinery.nic.in 'ਤੇ ਵੀ ਜਾ ਸਕਦੇ ਹਨ।

## ਸੀ ਐਚ ਸੀ ਦੀ ਨਿਗਰਾਨੀ

ਸਥਾਪਿਤ ਸੀ ਐਚ ਸੀ ਨੂੰ ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇ ਵੀ ਕੇ)/ਸੂਚੀਬੱਧ ਨਿਰਮਾਤਾਵਾਂ/ਪ੍ਰਵਾਨਿਤ ਟੈਸਟਿੰਗ ਕੇਂਦਰਾਂ, ਫਾਰਮ ਮਸ਼ੀਨਰੀ ਸਿਖਲਾਈ ਅਤੇ ਟੈਸਟਿੰਗ ਸੰਸਥਾਵਾਂ (ਐਫ ਐਮ ਟੀ ਟੀ ਆਈ) ਅਤੇ ਭਾਰਤੀ ਖੇਤੀ ਖੋਜ ਪਰੀਸ਼ਦ (ਆਈ ਸੀ ਏ ਆਰ) ਕੇਂਦਰਾਂ ਤੋਂ ਉੱਦਮੀਆਂ ਨੂੰ ਸਿਖਲਾਈ ਦੇਣ ਲਈ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਐਸ ਐਮ ਏ ਐਮ ਯੋਜਨਾ ਅਧੀਨ ਸਥਾਪਿਤ ਸੀ ਐਚ ਸੀ ਦੀ ਨਿਗਰਾਨੀ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਵੱਲੋਂ ਕੀਤੀ ਜਾਂਦੀ ਹੈ ਤਾਂ ਜੋ ਕਸਟਮ ਹਾਇਰਿੰਗ ਦਾ ਖਰਚਾ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਵਾਜਬ ਹੋਵੇ।

**ਸੀ ਐਚ ਸੀ ਲਈ ਐਸ ਐਮ ਏ ਐਮ ਯੋਜਨਾ ਦੇ ਤਹਿਤ ਲਾਗਤ ਦੇ ਨਿਯਮ ਅਤੇ ਵਿੱਤੀ ਸਹਾਇਤਾ ਦੀ ਸ਼ੈਲੀ**

| **ਪ੍ਰੋਜੈਕਟ ਸ਼੍ਰੇਣੀ** | **ਵੱਧ ਤੋਂ ਵੱਧ ਮਨਜ਼ੂਰਸ਼ੁਦਾ ਪ੍ਰੋਜੈਕਟ ਲਾਗਤ** | **ਸਹਾਇਤਾ ਦੀ ਸ਼ੈਲੀ** |
|---|---|---|
| 10 ਲੱਖ ਰੁਪਏ ਤੱਕ ਦੇ ਸੀ ਐਚ ਸੀ ਦੀ ਸਥਾਪਨਾ ਲਈ ਖਰੀਦ ਸਬਸਿਡੀ | ਪ੍ਰੋਜੈਕਟ 'ਤੇ ਅਧਾਰਿਤ | 40%ਜਾਂ 4 ਲੱਖ ਰੁਪਏ ਤੱਕ ਸੀਮਤ, ਜਿਹੜਾ ਵੀ ਘੱਟ ਹੋਵੇ |
| 25 ਲੱਖ ਰੁਪਏ ਤੱਕ ਦੇ ਸੀ ਐਚ ਸੀ ਦੀ ਸਥਾਪਨਾ ਲਈ ਖਰੀਦ ਸਬਸਿਡੀ | ਪ੍ਰੋਜੈਕਟ 'ਤੇ ਅਧਾਰਿਤ | 40% ਜਾਂ 10 ਲੱਖ ਰੁਪਏ ਤੱਕ ਸੀਮਤ, ਜਿਹੜਾ ਵੀ ਘੱਟ ਹੋਵੇ |
| 40 ਲੱਖ ਰੁਪਏ ਤੱਕ ਦੇ ਸੀ ਐਚ ਸੀ ਦੀ ਸਥਾਪਨਾ ਲਈ ਖਰੀਦ ਸਬਸਿਡੀ | ਪ੍ਰੋਜੈਕਟ 'ਤੇ ਅਧਾਰਿਤ | 40% ਜਾਂ 16 ਲੱਖ ਰੁਪਏ ਤੱਕ ਸੀਮਤ, ਜਿਹੜਾ ਵੀ ਘੱਟ ਹੋਵੇ |
| 60 ਲੱਖ ਰੁਪਏ ਤੱਕ ਦੇ ਸੀ ਐਚ ਸੀ ਦੀ ਸਥਾਪਨਾ ਲਈ ਖਰੀਦ ਸਬਸਿਡੀ | ਪ੍ਰੋਜੈਕਟ 'ਤੇ ਅਧਾਰਿਤ | 40% ਜਾਂ 24 ਲੱਖ ਰੁਪਏ ਤੱਕ ਸੀਮਤ, ਜਿਹੜਾ ਵੀ ਘੱਟ ਹੋਵੇ |